# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈਸ ਨੋਟ

ਦਸਵੀਂ ਪ੍ਰੀਖਿਆ ਨਵੰਬਰ-2017 (ਵਿਸ਼ੇਸ਼ ਮੌਕਾ) ਦੀ ਪ੍ਰੀਖਿਆ ਮਿਤੀ 11-11-2017 ਅਤੇ ਬਾਰ੍ਹਵੀਂ ਪ੍ਰੀਖਿਆ ਨਵੰਬਰ-2017 (ਵਿਸ਼ੇਸ਼ ਮੌਕਾ) ਦੀ ਪ੍ਰੀਖਿਆ ਮਿਤੀ 10-11-2017 ਨੂੰ ਆਰੰਭ ਹੋ ਰਹੀਆਂ ਹਨ। ਇਸ ਸਬੰਧੀ ਪ੍ਰੀਖਿਆਰਥੀਆਂ ਦੇ ਰੋਲ ਨੰਬਰ (Admit Card) ਇੰਟਰਨੈੱਟ ਤੇ ਅੱਜ ਮਿਤੀ 03/11/2017 ਨੂੰ ਅਪਲੋਡ ਕੀਤੇ ਜਾ ਚੁਕੇ ਹਨ । ਇਸ ਵਿਸ਼ੇਸ਼ ਮੌਕੇ ਦੀ ਪ੍ਰੀਖਿਆ ਦੇ ਰਹੇ ਪ੍ਰੀਖਿਆਰਥੀਆਂ ਨੂੰ ਦੱਸਿਆ ਜਾਦਾ ਹੈ ਕਿ ਉਹ ਆਪਣਾ ਰੋਲ ਨੰਬਰ (Admit Card) ਬੋਰਡ ਦੀ ਵੈਬ ਸਾਈਟ www.pseb. ac.In ਤੋਂ ਡਾਉਨਲੋਡ ਕਰਨ । ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋ ਵੱਖਰੇ ਤੌਰ ਤੇ ਕੋਈ ਵੀ ਰੋਲ ਨੰਬਰ ਸਲਿੱਪ (Admit Card) ਡਾਕ ਰਾਂਹੀ ਨਹੀਂ ਭੇਜੀ ਜਾਵੇਗੀ । ਇਸ ਤੋਂ ਇਲਾਵਾ ਜਿਹਨਾਂ ਪ੍ਰੀਖਿਆਰਥੀਆਂ ਵੱਲੋ ਪ੍ਰੀਖਿਆ ਦੇਣ ਸਬੰਧੀ ਫੀਸ ਜਮ੍ਹਾਂ ਕਰਵਾਈ ਗਈ ਹੋਵੇ ਪਰ ਰੋਲ ਨੰਬਰ ਬੋਰਡ ਦੀ ਵੈਬਸਾਈਟ ਤੇ ਡਾਉਨਲੋਡ ਨਾ ਹੋ ਰਿਹਾ ਹੋਵੇ ਜਾਂ ਰੋਲ ਨੰਬਰ ਸਲਿੱਪ (Admit Card) ਤੇ ਕੋਈ ਤਰੁੱਟੀ ਪਾਈ ਜਾਂਦੀ ਹੈ ਤਾਂ ਉਹ ਹਰ ਹਾਲਤ ਵਿਚ ਮਿਤੀ 09/11/2017 ਤੱਕ ਤਰੁੱਟੀ ਦਰੁੱਸਤ ਕਰਵਾਉਣ ਲਈ ਮੁੱਖ ਦਫਤਰ ,ਪੰਜਾਬ ਸਕੂਲ ਸਿੱਖਿਆ ਬੋਰਡ , ਐਸ.ਏ.ਐਸ.ਨਗਰ (ਮੋਹਾਲੀ /ਸਬੰਧਤ ਸੈਕਸ਼ਨ ਨਾਲ ਸੰਪਰਕ ਕਰਨ ।

ਉੱਪ ਸਕੱਤਰ(ਪ੍ਰੀ-3)